ਕਲਾਕ੍ਰਿਤੀ ਦੇ ਕਲਾਕਾਰਾਂ
ਦੀ ਪੇਸ਼ਕਸ਼
ਜ਼ੋਰਦਾਰ ਪੰਜਾਬੀ ਨਾਟਕ

# ਉਧਾਰੀ ਕੱਖ

ਨਿਰਦੇਸ਼ਨ ਪਰਮਿੰਦਰ ਪਾਲ ਕੌਰ
ਲੇਖਕ ਕਿਰਪਾਲ ਕਜ਼ਾਕ



## ਕੁਝ ਨਾਟਕ ਬਾਰੇ

ਨਾਟਕ 'ਉਧਾਰੀ ਕੁੱਖ', ਜਿੱਥੇ ਟੁੱਟਦੀ ਜਗੀਰਦਾਰੀ, ਫੋਕੀ ਮਰਦ ਹੈਂਕੜ ਅਤੇ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਪ੍ਰਤੀਕ ਹੈ, ਉਥੇ ਮਰਦ ਵੱਲੋਂ ਪੁੱਤਰ ਚਾਹਨਾਂ ਦੀ ਇੱਛਾ ਅਧੀਨ ਔਰਤ ਦੀਆਂ ਕੋਮਲ ਭਾਵਨਾਵਾਂ ਦੀ ਘਾਣ ਕਰਦੀ ਦਰਦਨਾਕ ਤਸਵੀਰ ਵੀ ਹੈ ।

ਨਾਟਕ ਵਿਚ ਇਕ ਪਾਸੇ ਜਗੀਰੂ ਕਦਰਾਂ ਕੀਮਤਾਂ ਦੀਆਂ ਘਿਣਾਉਣੀਆਂ ਸਾਜਸ਼ਾਂ ਹਨ, ਜਿਨ੍ਹਾਂ ਦੀ ਅੱਖ ਵਿਚ ਔਰਤ ਕੇਵਲ ਵਿਕਾਊ ਅਤੇ ਭੋਗਣ ਦੀ ਵਸਤੂ ਹੈ । ਦੂਜੇ ਪਾਸੇ ਗੁਰਬਤ ਅਤੇ ਮਜ਼ਲੂਮੀਅਤ ਹੈ । ਮਜ਼ਬੂਰੀ ਅਤੇ ਰੱਜ ਜਿਉਣ ਦੀ ਚਾਹਨਾਂ ਹੈ । ਜੋ ਹਰ ਸ਼ਖਸ਼ ਦਾ ਬੁਨਿਆਦੀ ਹੱਕ ਹੈ । ਪਰ ਇਕ ਕਬੀਲਾ ਕੁੜੀ ਨੂੰ ਇਸ ਹੱਕ ਦਾ ਕਿਨਾ ਵੱਡਾ ਮੁੱਲ ਤਾਰਨਾ ਪੈਂਦਾ ਹੈ, ਇਹੋ ਇਸ ਨਾਟਕ ਦਾ ਵਿਸ਼ੈ ਵਸਤੂ ਹੈ । ਜਿਸ ਨੂੰ ਬੜੀ ਸਫਲਤਾ ਨਾਲ ਪੇਸ਼ ਕੀਤਾ ਗਿਆ ਹੈ ।



ਉਧਾਰੀ ਕੁੱਖ 'ਚ ਬਲਕਰਨ ਸਿੰਘ, ਸੰਜੂ ਅਤੇ ਚਤਰ ਸਿੰਘ

## ਨਿਰਦੇਸ਼ਕਾ–ਪਰਮਿੰਦਰ ਪਾਲ ਕੌਰ



ਪਰਮਿੰਦਰ ਪਾਲ ਕੌਰ ਪੰਜਾਬ ਦੀ ਉਹ ਉਘੀ ਨਾਟਕ ਨਿਰਦੇਸ਼ਕਾ ਅਤੇ ਕਲਾਕਾਰ ਹੈ ਜਿਸ ਨੇ ਪੰਜਾਬੀ ਥੇਟਰ ਦੇ ਇਤਿਹਾਸ ਵਿਚ ਆਪਣੇ ਲਈ ਇਕ ਨਵੇਕਲੀ ਥਾਂ ਬਣਾ ਲਈ ਹੈ । ਉਹ ਆਪਣੀ ਭੂਮਿਕਾ ਵਿਚ ਇਨੀ ਖੁਭ ਜਾਂਦੀ ਹੈ ਕਿ ਦਰਸ਼ਕਾਂ ਨੂੰ ਇੰਜ ਲਗਦਾ ਹੈ ਕਿ ਸਚੀ ਮੁਚੀ ਉਨਾਂ ਦੇ ਸਾਹਮਣੇ ਇਹ ਘਟਨਾ ਵਾਪਰ ਰਹੀ ਹੈ । ਉਹ ਜਾਪਾਨ, ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿਚ ਵੀ ਨਾਟਕ ਕਲਾ ਦਾ ਅਧਿਐਨ ਕਰ ਚੁਕੀ ਹੈ ਇਸ ਲਈ ਉਸ ਦੀ ਅਦਾਕਾਰੀ ਤੇ ਨਿਰਦੇਸ਼ਨਾ ਵਿਚ ਪੁਖਤਗੀ ਹੈ । ਹਥਲਾ ਨਾਟਕ ਉਧਾਰੀ ਕੁੱਖ ਉਸ ਦੀ ਕਲਾ ਦੀ ਪਰਪੱਕਤਾ ਦਾ ਇਕ ਖੂਬਸੂਰਤ ਸ਼ਾਹਕਾਰ ਹੈ ।

## ਲੇਖਕ-ਕਿਰਪਾਲ ਕਜ਼ਾਕ



ਕਿਰਪਾਲ ਕਜ਼ਾਕ ਪੰਜਾਬੀ ਕਥਾ-ਜਗਤ ਵਿਚ ਸਥਾਪਤ ਲੇਖਿਕ ਹੈ । ਉਹ ਜਿਥੇ ਕਹਾਣੀ, ਨਾਵਲ ਅਤੇ ਖੋਜ ਦੇ ਖੇਤਰ ਵਿਚ ਚਰਚਿਤ ਹੋਇਆ ਹੈ ਉਥੇ ਉਸ ਨੇ ਫਿਲਮ ਲੇਖਕ ਅਤੇ ਨਾਟਕ ਦੇ ਖੇਤਰ ਵਿਚ ਵੀ ਨਾਂ ਪੈਦਾ ਕੀਤਾ ਹੈ । ਉਸ ਦੇ ਨਾਟਕ ਵਾਰ ਵਾਰ ਖੇਡੇ ਤੇ ਸਲਾਹੇ ਗਏ ਹਨ ਜਿਵੇਂ ਕਿ ਕੰਧਾਂ ਤੋਂ ਬਿਨਾਂ, ਦਲਦਲ, ਕਾਲਾ ਪੱਤਣ, ਸੂਰਜ ਸ਼ਿਕਾਰ ਆਦਿ । ਹਥਲਾ ਨਾਟਕ ਉਧਾਰੀ ਕੁੱਖ ਕਲਾ ਕ੍ਰਿਤੀ ਪਟਿਆਲਾ ਵਲੋਂ ਪੰਜਾਬੀ ਅਕੈਡਮੀ ਦਿਲੀ ਵਿਖੇ 15 ਨਵੰਬਰ 1996 ਨੂੰ ਅਯੋਜਿਤ ਨਾਟਕ ਮੁਕਾਬਲੇ ਵਿਚ ਬੈਸਟ ਸਕਰਿਪਟ, ਬੈਸਟ ਐਕਟਰ, ਬੈਸਟ ਸਹਾਇਕ ਐਕਟਰ ਅਤੇ ਬੈਸਟ ਡਾਇਰੈਕਟਰ ਵਜੋਂ ਐਲਾਨਿਆ ਗਿਆ ਹੈ ।



ਉਧਾਰੀ ਕੁੱਖ ਵਿਚ ਪਰਮਿੰਦਰ ਪਾਲ ਕੌਰ ਤੇ ਮੋਹਨ ਕੰਬੋਜ



ਉਧਾਰੀ ਕੁੱਖ 'ਚ ਮੋਹਨ ਕੰਬੋਜ, ਰਵਿੰਦਰ ਕੌਰ ਅਤੇ ਅਮਰਜੀਤ ਕੌਰ

ਪ੍ਰਮਿੰਦਰਪਾਲ ਕੌਰ ਦੇ ਨਾਟਕ
'ਕੰਧਾਂ ਤੋਂ ਬਿਨਾਂ' ਦੇ ਦੋ
ਪ੍ਰਭਾਵਸ਼ਾਲੀ ਦ੍ਰਿਸ਼



ਪ੍ਰਮਿੰਦਰਪਾਲ ਕੌਰ ਤੇ ਗੁਰਦੀਪ ਕੌਰ



ਮੋਹਨ ਕੰਬੋਜ, ਪ੍ਰਮਿੰਦਰਪਾਲ ਕੌਰ ਤੇ ਕਰਮਜੀਤ ਕੌਰ

# ਉਧਾਰੀ ਕੁੱਖ

## ਕੌਣ, ਕੌਣ ਹੈ

| | | |
|---|---|---|
| ਰੂਪੋ | — | ਮਿਸ ਰਵਿੰਦਰ ਕੌਰ ਰਾਣੋ |
| ਰੂਪੋ ਦੀ ਮਾਂ | — | ਮਿਸ ਅਮਰਜੀਤ ਕੌਰ |
| ਤਾਈ ਕਿਰਪੀ | — | ਮਿਸ ਅੰਜੂ ਸੋਇਨ |
| ਦਿਲਾਵਰ ਸਿੰਘ | — | ਮੋਹਨ ਕੰਬੋਜ |
| ਨੰਜਾ | — | ਬਲਕਾਰ ਸਿੰਘ |
| ਅਮਲੀ | — | ਕੁਮਾਰ ਪਵਨ ਦੀਪ |
| ਸ਼ਰਾਬੀ | — | ਸੰਜੀਵ ਕੁਮਾਰ |
| ਛੋਟੂ | — | ਰਾਜੇਸ਼ |
| ਰੂਪੋ ਦਾ ਬਾਪ | — | ਜੀਵਨ ਨੀਲ |
| ਕਾਮਰੇਡ | — | ਕੁਲਦੀਪ ਸਿੰਘ |
| ਸਾਧ | — | ਚਤਰ ਸਿੰਘ |
| ਘੁਕਰ | — | ਤਰਸਿੰਦਰ ਸਿੰਘ |
| ਗੁਰਮੇਜ ਕੌਰ | — | ਪਰਮਿੰਦਰਪਾਲ ਕੌਰ |

## ਪਰਦੇ ਪਿਛੇ

| | | |
|---|---|---|
| ਵਾਇਲਨ | — | ਕਰਮ ਸਿੰਘ |
| ਗਾਇਕ | — | ਕਰਮਜੀਤ ਅਨਮੋਲ |
| ਸਟੇਜ | — | ਜਸਵੀਰ ਜਸੀ |
| ਸੈਟਿੰਗ | — | ਚਤਰ ਸਿੰਘ |
| ਲਾਈਟਾਂ | — | ਸੋਮ ਸਹੋਤਾ |
| ਮੇਕਅਪ | — | ਮੋਹਨ ਕੰਬੋਜ |
| ਕਸਟਿਊਮਜ਼ | — | ਪੁਨੀਤ ਗੁਰਾਇਆ |